## ਰੇਡੀਓ ਲਵੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ ਨੰ. 26

# ਆਲਮੀ ਤਪਸ਼ ਦੇ ਸਮਾਜਿਕ ਆਰਥਿਕ ਤੇ ਪਰਿਵਰਣੀ ਪ੍ਰਭਾਵ

(Social, Economic and Environmental impact of Global Warming)

**ਮੁੱਖ ਖੋਜ ਤੇ ਲੇਖਣ: ਸ੍ਰੀ ਐਸ ਪੀ ਧਾਰਨੇ**

**ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ**

(In this episode, the impact of the rising temperature due to Global Warming as a consequence of climate change, on various aspects of our lives has been discussed. The economic, social and environmental consequences ensuing out of the Global warming due to rising sea level , displacement of population , drowning of cities, destruction of the food chain and the food web, reduction in biodiversity, changed eco-system of land and the sea has been made a focus with the help of a story among the members of a family and their visit to a seminar on the Global Warming).

(ਇਸ ਕੜੀ ਵਿੱਚ ਅੱਜ ਅਸੀਂ ਸੁਣਾਂਗੇ ਕਹਾਣੀ ਸਾਡੀਆਂ ਜਿੰਦਗੀਆਂ ਤੇ ਪੈਂਦੇ ਆਲਮੀ ਤਪਸ਼ ਦੇ ਪ੍ਰਭਾਵ ਦੀ, ਸਿੱਟਾ ਹੈ ਜੋ ਬਦਲਦੇ ਜਲਵਾਯੂ ਦਾ! ਉਸ ਪ੍ਰਭਾਵ ਦੀ ਜੋ ਪੈਂਦਾ ਹੈ ਸਾਡੇ ਜੀਵਣ ਦੇ ਸਮਾਜਿਕ, ਆਰਥਿਕ ਤੇ ਪਰਿਆਵਰਣੀ ਪੱਖਾਂ ਦੇ ਉਪਰ ! ਪ੍ਰਭਾਵ ਜੋ ਪੈਂਦਾ ਹੈ ਸਾਡੇ ਜੀਵਣ ਦੇ ਇਨ੍ਹਾਂ ਪੱਖਾਂ ਦੇ ਉੱਪਰ , ਚੜ੍ਹਦੇ ਸਮੁੰਦਰਾਂ ਕਾਰਨ , ਤਬਾਹ ਹੁੰਦੀ ਸਮੁੰਦਰੀ ਵਾਤਾਵਰਣੀ ਪ੍ਰਣਾਲੀ ਕਾਰਨ , ਘਟਦੀ ਭੋਜਨ ਉਪਲਬਧਤਾ ਕਾਰਨ , ਟੁਟੱਦੇ ਭੋਜਨ ਲੜੀਆਂ ਦੇ ਜਾਲ ਕਾਰਨ , ਵਰਖਾ ਵਿੱਚ ਬਦਲਾਵਾਂ ਦੇ ਕਾਰਨ ਅਤੇ ਨੁਕਸਾਨੀ ਜਾਂਦੀ ਜੈਵਿਕ ਭਿੰਨਤਾ ਦੇ ਕਾਰਨ ਨਸ਼ਟ ਹੋ ਰਹੀ ਸਾਡੀ ਧਰਤੀ ਸਾਗਰਾਂ ਤੇ ਵਾਯੂਮੰਡਲੀ ਪਰਿਆਵਰਣੀ ਪ੍ਰਣਾਲੀ ਦੇ ਕਾਰਨ ! ਇਨ੍ਹਾਂ ਬਿੰਦੂਆਂ ਨੂੰ ਕੀਤਾ ਗਿਆ ਹੈ ਕੇਂਦ੍ਰਤ ਇਸ ਕੜੀ ਵਿੱਚ ਇੱਕ ਪਰਿਵਾਰ ਦੀ ਆਪਸੀ ਗੱਲ ਬਾਤ ਦੇ ਰਾਹੀਂ ਅਤੇ ਉਨ੍ਹਾਂ ਦੀ ਪਰਿਆਵਰਣ ਬਾਬਤ ਇੱਕ ਗੋਸ਼ਟੀ ਦੇ ਵਿੱਚ ਫੇਰੀ ਦੇ ਰਾਹੀਂ !)

### ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

| | |
|---|---|
| **ਰਾਜਿੰਦਰ:** | ਵਿਦਿਆਰਥੀ (ਸਕੂਲ) |
| **ਕਮਲੇਸ਼:** | ਕਾਲਜ ਦੀ ਵਿਦਿਆਰਥਣ |
| **ਮਨੋਹਰ:** | ਕਿਸਾਨ (ਰਾਜਿੰਦਰ ਅਤੇ ਕਮਲੇਸ਼ ਦਾ ਪਿਤਾ) |
| **ਬਲਜੀਤ:** | (ਰਾਜਿੰਦਰ/ਕਮਲੇਸ਼ ਦੇ ਮਾਤਾ) |
| **ਪ੍ਰੋਫ਼ੈਸਰ ਅਸ਼ਫ਼ਾਕ:** | ਵਾਤਾਵਰਨ ਮਾਹਰ |
| **ਅਲਕਾ:** | ਭਾਰਤ ਮੌਸਮ ਵਿਗਿਆਨ ਵਿਭਾਗ ‘ਚ ਵਿਗਿਆਨੀ |

## ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ……

(ਸੰਗੀਤ…)

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਵਿਗਿਆਨ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਛੱਬੀਵੀਂ ਕੜੀ 'ਆਲਮੀ ਤਪਸ਼ ਦੇ ਸਮਾਜਿਕ, ਆਰਥਕਿ ਤੇ ਪਰਿਆਵਰਣੀ ਪ੍ਰਭਾਵ'**

(ਸਿਰਲੇਖ ਗੀਤ ਦਾ ਸੰਗੀਤ…)

**ਔਰਤ ਸੂਤਰਧਾਰ** : ਹਾਂ, ਪਿਆਰੇ ਸ੍ਰੋਤਿਓ …ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਛੱਬੀਵੀਂ ਕੜੀ ਵਿੱਚ ਨਿੱਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ** : ਹਾਂ! ਪਿਛਲੀ ਕੜੀ **"ਆਲਮੀ ਤਪਸ਼ ਤੇ ਭੋਜਨ ਸੁਰੱਖਿਆ "** ਵਿੱਚ ਸੁਣੀ ਸੀ ਕਹਾਣੀ ਅਸੀਂ ਕਿ ਸਾਡੀ ਇਸ ਧਰਤੀ ਦੇ ਗਰਮ ਹੋਣ ਨਾਲ ਕਿਵੇਂ ਪ੍ਰਭਾਵਤ ਹੋ ਰਹੀ ਹੈ ਸਾਡੀ ਧਰਤੀ ਦੇ ਵਸਿੰਦਿਆਂ ਦੀ ਭੋਜਨ ਵਿਵਸਥਾ !

**ਔਰਤ ਸੂਤਰਧਾਰ** : ਬਿਆਨ ਕੀਤਾ ਸੀ ਕਿ ਵਧਦੇ ਤਾਪਮਾਨ ਕਾਰਨ ਸਾਡੇ ਲਈ ਭੋਜਨ ਉਪਲਬਧ ਹੋਣ ਉਪਰ ਕਿਵੇਂ ਪੈਂਦਾ ਹੈ ਪ੍ਰਭਾਵ !

**ਮਰਦ ਸੂਤਰਧਾਰ** : ਸੁਣਿਆ ਸੀ ਤੁਸੀਂ ਬ੍ਰਿਤਾਂਤ! ਕਿ ਵਾਯੂਮੰਡਲ ਵਿੱਚ ਵਧੀ ਹੋਈ ਸਿਲ੍ਹ ਯਾਣੀ ਗਰਮ ਤੇ ਤਰ ਮੌਸਮ ਨਾਲ ਪ੍ਰਭਾਵਤ ਹੁੰਦਾ ਹੈ ਝਾੜ ਭੋਜਨ ਦੀਆਂ ਫਸਲਾਂ ਦਾ !

**ਔਰਤ ਸੂਤਰਧਾਰ** : ਹਾਂ ਜੀ ਸੁਣਾਈ ਸੀ ਕਹਾਣੀ ਕਿ ਬਾਰਸ਼ਾਂ ਇੱਕ ਲਖਤ ਹੋਣ ਨਾਲ ਕਿੱਲਤ ਹੋ ਜਾਂਦੀ ਹੈ ਸਬਜੀਆਂ ਦੀ ਕਿਉਂ ਜੋ ਇਨ੍ਹਾਂ ਦਾ ਉਤਪਾਦਨ ਪ੍ਰਭਾਵਤ ਹੋਣ ਦੇ ਨਾਲ ਹੀ ਇਹ ਜਿਆਦਾ ਦੇਰ ਸੰਭਾਲੀਆਂ ਵੀ ਨਹੀਂ ਜਾ ਸਕਦੀਆਂ ।

**ਮਰਦ ਸੂਤਰਧਾਰ** : ਹਾਂ ਜੀ! ਚਰਚਾ ਵਿੱਚ ਤਾਂ ਸਾਹਮਣੇ ਇਹ ਵੀ ਆਇਆ ਸੀ ਕਿ ਬੇਸ਼ੱਕ ਬਹੁਤ ਸਾਰੀ ਜਨਤਾ ਦਾ ਭੋਜਨ ਨਾ ਮਿਲਣ ਦਾ ਕਾਰਨ ਭੁੱਖੇ ਪੇਟ ਸੌਣ ਦਾ ਮੱਖ ਕਾਰਨ ਜਖੀਰੇ ਬਾਜੀ ਅਤੇ ਲੋਕਾਂ ਦੀ ਖ੍ਰੀਦ ਸ਼ਕਤੀ ਨਾ ਹੋਣਾ ਹੈ ਪਰ ਇਹ ਸੱਚ ਵੀ ਉਜਾਗਰ ਗਿਆ ਸੀ ਹੋ ਕਿ ਜਲਵਾਯੂ ਬਦਲਾਅ ਕਾਰਨ ਭੋਜਨ ਦਾ ਉਤਪਾਦਨ ਜੋ ਘੱਟ ਰਿਹਾ ਹੈ ਉਹ ਵੀ ਪਾਉਨਦਾ ਹੈ ਗਿਣਨਯੋਗ ਪ੍ਰਭਾਵ ਭੋਜਨ ਵਿਵਸਥਾ ਦੇ ਉੱਪਰ !

**ਔਰਤ ਸੂਤਰਧਾਰ** : ਸੁਣਾਇਆ ਸੀ ਵਿਸਤਾਰ ਕਿ ਕਿਵੇਂ ਇਸੇ ਗਰਮਾਉਂਦੀ ਧਰਤੀ ਕਾਰਨ ਭੋਜਨ ਦਾ ਉਤਪਾਦਨ ਘਟਣ ਕਾਰਨ ਇਹ ਹੋ ਜਾਂਦਾ ਹੈ ਸ਼ਿਕਾਰ ਅੱਤ ਦੀ ਮਹਿੰਗਾਈ ਦਾ ਅਤੇ ਜਖੀਰੇਬਾਜੀ ਦਾ ਜਿਸ ਕਰਕੇ ਗਰੀਬ ਤੇ ਬੇਸਹਾਰਾ ਲੋਕਾਂ ਉਪਰ ਹੋਰ ਵੀ ਤੀਖਣ ਪੈਂਦਾ ਹੈ ਪ੍ਰਭਾਵ ਤੇ ਉਹ ਹੋ ਜਾਂਦੇ ਨੇ ਭੁੱਖਮਰੀ ਦੇ ਸ਼ਿਕਾਰ !

**ਮਰਦ ਸੂਤਰਧਾਰ** : ਹਾਂ ਜੀ ਵਿਗੜ ਜਾਂਦਾ ਹੈ ਸੰਤੁਲਨ ਭੋਜਨ ਦੀ ਉਪਲਬਧਤਾ ਦਾ ਸੰਸਾਰ ਦੇ ਵੱਖ ਵੱਖ ਖਿਤਿਆਂ ਵਿੱਚ ਵੀ ਤੇ ਕਿਸੇ ਇੱਕ ਖਿੱਤੇ ਦੇ ਵੱਖ ਵੱਖ ਹਿਸਿਆਂ ਤੇ ਵੱਖ ਵੱਖ ਵਰਗਾਂ ਵਿੱਚ ਵੀ !

**ਔਰਤ ਸੂਤਰਧਾਰ** : ਸੁਣਿਆ ਸੀ ਬ੍ਰਿਤਾਂਤ ਇਹ ਵੀ ਕਿ ਸਾਡੇ ਦੇਸ ਵਿੱਚ ਤਾਂ ਬਹੁਤਾ ਖੇਤੀ ਉਤਪਾਦਨ ਮੌਨਸੂਨ ਦੀ ਵਰਖਾ ‘ਤੇ ਹੀ ਨਿਰਭਰ ਕਰਦਾ ਹੈ। ਚੰਗੀ ਮੌਨਸੂਨ ਦਾ ਮਤਲਬ ਹੈ - ਭੋਜਨ ਸੁਰੱਖਿਆ ਦੀ ਗਰੰਟੀ।

**ਮਰਦ ਸੂਤਰਧਾਰ** : ਹਾਂ ਜੀ! ਸੁਣਾਈ ਸੀ ਇਹ ਵੀ ਗਾਥਾ ਕਿ ਖੇਤੀ ਉਤਪਾਦਨ ਅਤੇ ਸਮੇਂ ਸਿਰ ਸਹੀ ਬਰਸਾਤ ਦਾ ਡੂੰਘਾ ਸਬੰਧ ਹੈ। ਝੋਨੇ ਅਤੇ ਗੰਨੇ ਵਰਗੀਆਂ ਫਸਲਾਂ 200 ਮਿਲੀ-ਮੀਟਰ ਤੋਂ ਵੱਧ ਵਰਖਾ ਵਾਲੇ ਸਥਾਨਾਂ ‘ਤੇ ਉਗਾਈਆਂ ਜਾਂਦੀਆਂ ਹਨ ਜਦ ਕਿ 100 ਮਿਲੀ-ਮੀਟਰ ਦੇ ਨੇੜੇ-ਤੇੜੇ ਵਰਖਾ ਵਾਲੀਆਂ ਥਾਵਾਂ ਘੱਟ ਪਾਣੀ ਨਾਲ ਉੱਗਣ ਵਾਲੀਆਂ ਫਸਲਾਂ ਵਾਸਤੇ ਠੀਕ ਹਨ !

**ਔਰਤ ਸੂਤਰਧਾਰ** : ਸੁਣਿਆ ਸੀ ਇਹ ਭੇਦ ਵੀ ਕਿ ਕਿਵੇਂ ਕਣਕ ਦੀ ਫਸਲ ਦਾ ਝਾੜ ਜਾਂਦਾ ਹੈ ਘਟ ਜੇ ਕਰ ਮਾਰਚ ਦੇ ਸੁਰੂ ਵਿੱਚ ਗਰਮੀ ਪੈ ਜਾਏ ਜਾਂ ਮਾਰਚ ਦੇ ਦੂਜੇ ਅੱਧ ਵਿੱਚ ਬਰਸਾਤ ਹੋ ਜਾਏ ਜਾਂ ਝੱਖੜ ਆ ਜਾਵੇ!

**ਮਰਦ ਸੂਤਰਧਾਰ** : ਹਾਂ ਜੀ! ਬਿਆਨ ਕਰ ਦਿੱਤਾ ਸੀ ਇਹ ਤੱਥ ਵੀ ਕਿ ਕਿਵੇਂ ਸੰਸਾਰ ਵਿੱਚ 300 ਕਿਲੋ ਗ੍ਰਾਮ ਪ੍ਰਤੀ ਜੀਅ ਦੇ ਹਿਸਾਬ ਭੋਜਨ ਉਤਪਾਦਨ ਹੁੰਦਾ ਹੈ ਯਾਣੀ ਲੋੜ ਨਾਲੋਂ ਤਿੰ ਗੁਣਾ ਪਰ ਫਿਰ ਵੀ ਬਹੁਤ ਵੱਡੀ ਗਿਣਤੀ ਖ੍ਰੀਦ ਸ਼ਕਤੀ ਨਾ ਹੋਣ ਕਰਕੇ ਰਹਿੰਦੀ ਹੈ ਭੁੱਖ ਦਾ ਸ਼ਿਕਾਰ !

**ਔਰਤ ਸੂਤਰਧਾਰ** : ਸੁਣਿਆ ਸੀ ਕਿ ਕਿਵੇਂ ਵਧਦੀ ਨਮੀ ਕਾਰਨ ਅਨਾਜ ਖਰਾਬ ਹੋ ਜਾਂਦਾ ਹੈ ਤੇ ਉਲੀ ਵੀ ਲੱਗ ਜਾਂਦੀ ਹੈ !

**ਮਰਦ ਸੂਤਰਧਾਰ** : ਹੋਈ ਸੀ ਗੱਲ ਕਿ ਕਿਵੇਂ ਪਿਛਲੀ ਡੇਢ ਸਦੀ ਦੌਰਾਨ ਧਰਤੀ ਦਾ ਔਸਤ ਤਾਪਮਾਨ ਜੋ ਤਕਰੀਬਨ ਇੱਕ ਡਿਗਰੀ ਸੈਲਸੀਅਸ ਵਧ ਗਿਆ ਹੈ ਕਰੇਗਾ ਨੁਕਸਾਨ ਭੋਜਨ ਉਪਲਬਧਤਾ ਦਾ !

**ਔਰਤ ਸੂਤਰਧਾਰ** : ਸੁਣਿਆ ਸੀ ਕਿ ਕਿਵੇਂ ਵਧਦੇ ਤਾਪਮਾਨ ਦਾ ਪ੍ਰਭਾਵ ਪੈਂਦਾ ਹੈ ਅੰਨ ਦੀ ਪੌਸ਼ਟਿਕਤਾ ‘ਤੇ ਵੀ !

**ਮਰਦ ਸੂਤਰਧਾਰ** : ਹੋਈ ਸੀ ਚਰਚਾ ਕਿ ਕਿਵੇਂ ਵਧਦਾ ਤਾਪਮਾਨ ਹਨੇਰੀਆਂ ਦਾ ਕਾਰਨ ਬਣ ਕੇ ਕਰਦਾ ਹੈ ਨੁਕਸਾਨ ਫਲਾਂ ਦੇ ਉਤਪਾਦਨ ਦਾ ਵੀ ਤੇ ਪ੍ਰਭਾਵਤ ਕਰਦਾ ਹੈ ਸਾਡੀ ਭੋਜਨ ਵਿਵਸਥਾ ਨੂੰ ਵੀ !

**ਔਰਤ ਸੂਤਰਧਾਰ** : ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਵਧਦੇ ਤਾਪਮਾਨ ਕਾਰਨ ਪੈਂਦਾ ਹੈ ਪ੍ਰਭਾਵ ਜੋ ਸਾਡੇ ਸਮਾਜਿਕ, ਆਰਥਿਕ ਅਤੇ ਪਰਿਆਵਰਣੀ ਖੇਤਰ ਵਿੱਚ !

**ਮਰਦ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **‘ਕਿਉਂ ਬਦਲ ਰਹੀ ਹੈਂ ਫਿਜ਼ਾਏਂ’** ਦੀ ਛੱਬੀਵੀਂ ਕੜੀ **“ਆਲਮੀ ਤਪਸ਼ ਦੇ ਸਮਾਜਿਕ, ਆਰਥਕਿ ਤੇ ਪਰਿਆਵਰਣੀ ਪ੍ਰਭਾਵ”** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

**ਸੂਤਰਾਧਾਰ** : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਉਨ੍ਹਾਂ ਪ੍ਰਭਾਵਾਂ ਦੀ ਜੋ ਪੈਣਗੇ ਸਾਡੇ ਜੀਵਣ ਦੇ ਵੱਖ ਵੱਖ ਪਹਿਲੂਆਂ ਦੇ ਉਪਰ !

……**ਲੜੀਵਾਰ ਦੀ ਧੁਨ**……

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਪਹਿਲਾ**……

**(ਦ੍ਰਿਸ਼ ਬਦਲਾਅ ਸੰਗੀਤ ……………………..ਮੱਧਮ ਪੈਂਦਾ ਹੈ)**

**ਦ੍ਰਿਸ਼: ਮਨੋਹਰ ਦਾ ਘਰ.... ਸ਼ਾਮ ਦਾ ਸਮਾਂ। ਬੱਚੇ ਘਰ 'ਚ ਖੇਡ ਰਹੇ ਹਨ... ਰਸੋਈ ਘਰ...**

**# ਸੰਗੀਤ #**

**ਕਮਲੇਸ਼: (ਆਪਣੀ ਕਿਤਾਬ 'ਚੋਂ ਜ਼ੋਰ-ਜ਼ੋਰ ਨਾਲ ਪੜ੍ਹ ਰਹੀ ਹੈ)** ਕਾਰਬਨ ਡਾਈ-ਆਕਸਾਈਡ, ਮੀਥੇਨ, ਕਲੋਰੋ ਫਲੋਰੋ ਕਾਰਬਨ, ਹਾਈਡ੍ਰੋ-ਫਲੋਰੋ-ਕਾਰਬਨ, ਨਾਈਟਰਸ-ਆਕਸਾਈਡ ਅਤੇ ਇੱਥੋਂ ਤੱਕ ਕਿ ਜਲ-ਕਣ, ਗ੍ਰੀਨ-ਹਾਊਸ ਗੈਸਾਂ ਦੇ ਪ੍ਰਭਾਵ ਦੇ ਕਾਰਕ ਹਨ।

ਹਾਏ! ਐਨੀ ਵਾਰ ਦੁਹਰਾਇਆ, ਪਰ ਯਾਦ ਹੀ ਨਹੀਂ ਹੋ ਰਿਹਾ। **(ਕੁਝ ਉਦਾਸ ਜਿਹਾ)** ਰਾਜਿੰਦਰ, ਇਹ ਸ਼ੋਰ ਬੰਦ ਕਰੋ

**# ਕੁਝ ਪਲ ਸਾਰੇ ਸ਼ਾਂਤ #**

**ਕਮਲੇਸ਼:** (ਤੇਜ਼ ਅਵਾਜ਼ 'ਚ) STOP This stupid noise.

**ਬਲਜੀਤ:** ਕਮਲੇਸ਼ ਤੈਨੂੰ ਇਹ ਕੀ ਹੋਇਆ ? Why are you shouting?

**ਕਮਲੇਸ਼:** ਮੰਮੀ! ਰਾਜਿੰਦਰ ਮੈਨੂੰ ਪੜ੍ਹਨ ਨਹੀਂ ਦੇ ਰਿਹਾ। ਇਹ ਦੇਖੋ ਕੀ ਖੇਡ ਰਿਹਾ ਹੈ?

**ਰਾਜਿੰਦਰ:** ਮੰਮੀ! ਮੈਂ ਕੁਝ ਨਹੀਂ ਕਰ ਰਿਹਾ। ਮੈਂ ਤਾਂ ਇਕੱਲਾ ਹੀ ਖੇਡ ਰਿਹਾ ਹਾਂ। ਚੀਕਣਾ ਚਿਲਾਣਾ ਤਾਂ ਭੈਣ ਦੀ ਆਦਤ ਹੈ।

**ਕਮਲੇਸ਼:** ਝੂਠਾ ਨਾ ਹੋਵੇ... ਰੁਕ.. ਮੈਂ ਤੈਨੂੰ ਦੱਸਦੀ ਹਾਂ।

**# (ਰਾਜਿੰਦਰ ਦੇ ਪਿੱਛੇ ਭੱਜਦੀ ਹੈ.. ਸ਼ੋਰ) #**

**ਬਲਜੀਤ:** ਰਾਜਿੰਦਰ ਤੂੰ ਮੇਰੇ ਕੋਲ ਰਸੋਈ 'ਚ ਆ ਕੇ ਮੱਦਦ ਕਰ ! ਮੈਂ ਤੁਹਾਡੇ ਲਈ ਗੁਲਾਬ-ਜਾਮਨ ਬਣਾ ਰਹੀ ਹਾਂ।

**# ਧੁਨੀ ਪ੍ਰਭਾਵ #**

**ਕਮਲੇਸ਼:** ਕਾਰਬਨ-ਡਾਈਆਕਸਾਈਡ, ਮੀਥੇਨ, ਕਲੋਰੋ-ਫਲੋਰੋ-ਕਾਰਬਨ, ਹਾਈਡ੍ਰੋ-ਫਲੋਰੋ-ਕਾਰਬਨ, ਨਾਈਟ੍ਰਸ-ਆਕਸਾਈਡ.....(ਦੁਹਰਾਉਂਦੀ ਹੋਈ)

**# ਧੁਨੀ ਪ੍ਰਭਾਵ- ਦਰਵਾਜੇ ਦੀ ਘੰਟੀ ਵੱਜਦੀ ਹੈ #**

**ਕਮਲੇਸ਼:** ਓਹੋ! ਮੇਰੀ ਪੜ੍ਹਾਈ ਦਾ ਕੀ ਹੋਵੇਗਾ? ਹੁਣ ਕੌਣ ਆ ਗਿਆ?

**ਬਲਜੀਤ:** ਰਾਜਿੰਦਰ, ਦੇਖੋ ਕੌਣ ਆਇਆ?

**# ਦਰਵਾਜ਼ਾ/ ਚਿਟਕਨੀ ਦਾ ਧੁਨੀ ਪ੍ਰਭਾਵ #**

**ਕਮਲੇਸ਼:** ਹੈਲੋ ਪਾਪਾ! ਕਿੱਥੇ ਰਹੇ ਅੱਜ ਸਾਰਾ ਦਿਨ ?

**ਮਨੋਹਰ:** ਬੇਟੀ, ਅੱਜ ਅਸੀਂ ਇਕ ਫਾਰਮ 'ਤੇ ਘੁੰਮਣ ਗਏ ਸੀ। ਤੁਸੀਂ ਅੱਜ ਕੀ ਕੀਤਾ?

**ਕਮਲੇਸ਼:** ਪਾਪਾ! ਮੈਂ ਤਾਂ ਆਪਣਾ ਪਾਠ ਯਾਦ ਕਰ ਰਹੀ ਸੀ। ਅਗਲੇ ਹਫ਼ਤੇ ਮੇਰੇ ਪੇਪਰ ਹਨ।

**ਮਨੋਹਰ:** ਬਹੁਤ ਚੰਗਾ ਮੇਰੀ ਪਿਆਰੀ ਬੱਚੀ। ਪੜ੍ਹਾਈ ਜੀਵਨ ਵਿੱਚ ਕੰਮ ਆਉਂਦੀ ਹੈ। ਬਲਜੀਤ! ਮੈਂ ਆ ਗਿਆ। ਲੱਗਦਾ ਹੈ ਕਿਤੇ ਰਸੋਈ ਵਿੱਚ ਲੱਗੀ ਹੋਈ ਹੋਵੇਗੀ !

**ਬਲਜੀਤ:** O.K. Welcome.ਖਾਣਾ ਵੀ ਤਿਆਰ ਹੈ।

**# ( ਧੁਨੀ ਪ੍ਰਭਾਵ – ਟੈਲੀਫ਼ੋਨ ਦੀ ਘੰਟੀ) #**

**ਮਨੋਹਰ:** ਰਾਜਿੰਦਰ, ਵੇਖਣਾ ਕਿਸ ਦਾ ਫ਼ੋਨ ਹੈ?

**# (ਰਾਜਿੰਦਰ ਫ਼ੋਨ ਚੱਕਦੀ ਹੈ ਅਤੇ ਗੱਲ ਕਰਦੀ ਹੈ) #**

**ਅਲਕਾ:** ਹੈਲੋ! ਮੈਂ ਅਲਕਾ ਬੋਲ ਰਹੀ ਹਾਂ। ਤੁਸੀਂ ਕਿਵੇਂ ਹੋ?

**# (ਟੈਲੀਫ਼ੋਨ ਰਾਹੀਂ) #**

**ਰਾਜਿੰਦਰ: (ਹੱਸਦੇ ਹੋਏ)** ਹੈਲੋ ਆਂਟੀ! ਤੁਸੀਂ ਕਿਵੇਂ ਹੋ? ਲੰਮੇ ਸਮੇਂ ਤੋਂ ਤੁਹਾਡੇ ਨਾਲ ਮੁਲਾਕਾਤ ਨਹੀਂ ਹੋਈ।

**ਅਲਕਾ:** ਤੂੰ ਠੀਕ ਕਿਹਾ। ਲੰਮੇ ਸਮੇਂ ਤੋਂ ਗੇੜਾ ਨਹੀਂ ਲੱਗਿਆ। ਚੰਗਾ ਚੱਲੋ, ਅੱਜ ਮੈਂ ਆ ਹੀ ਜਾਂਦੀ ਹਾਂ, ਮਿਲਣ ਦੇ ਲਈ (ਹੱਸਦੇ ਹੋਏ) ਮੈਂ ਦਸ ਮਿੰਟ 'ਚ ਪਹੁੰਚਣ ਵਾਲੀ ਹਾਂ। ਮੰਮੀ ਅਤੇ ਪਾਪਾ ਨੂੰ ਦੱਸ ਦੇਣਾ।

**ਰਾਜਿੰਦਰ: (ਟੈਲੀਫ਼ੋਨ 'ਤੇ)** ਠੀਕ ਹੈ ਆਂਟੀ! ਅਸੀਂ ਸਾਰੇ ਡਿਨਰ 'ਤੇ ਤੁਹਾਡੀ ਉਡੀਕ ਕਰਾਂਗੇ।

**# ਟੈਲੀਫ਼ੋਨ ਰੱਖਦੇ ਹੋਏ #**

**ਰਜਿੰਦਰ:** ਪਾਪਾ! ਅਲਕਾਬੂਆ ਜੀ, ਅੱਜ ਘਰ ਆ ਰਹੇ ਨੇ।

**ਮਨੋਹਰ ਅਤੇ ਬਲਜੀਤ:** ਕੀ ? ਅਲਕਾ, ਆ ਰਹੀ ਹੈ !

**ਬਲਜੀਤ:** ਵਾਹ ਕਿਆ ਮੌਕਾ ਮੇਲ ਹੈ ! ਅੱਜ ਹੀ ਤਾਂ ਮੈਂ ਗੁਲਾਬ-ਜਾਮਨ ਬਣਾਏ ਹਨ।

**ਕਮਲੇਸ਼:** ਬਹੁਤ ਵਧੀਆ! ਅਲਕਾਬੂਆ ਜੀ ਤਾਂ ਇਕ ਬਹੁਤ ਵੱਡੀ ਮੌਸਮ-ਵਿਗਿਆਨੀ ਹਨ। ਵਾਤਾਵਰਨ ਅਤੇ ਮੌਸਮ 'ਤੇ ਕੀ ਜ਼ਬਰਦਸ਼ਤ ਪਕੜ ਹੈ ਉਨ੍ਹਾਂ ਦੀ। ਮੈਂ ਉਨ੍ਹਾਂ ਤੋਂ ਕਈ ਸਵਾਲਾਂ ਦੇ ਉੱਤਰ ਪੁੱਛਣਾ ਚਾਹੁੰਦੀ ਹਾਂ।

**ਬਲਜੀਤ:** ਠੀਕ ਹੈ! ਉਨ੍ਹਾਂ ਦੇ ਘਰ ਪਹੁੰਚਣ 'ਤੇ ਇਕੱਠੇ ਬੈਠ ਕੇ ਅਸੀਂ ਡਿਨਰ ਕਰਾਂਗੇ।

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

**(ਦ੍ਰਿਸ਼ ਬਦਲਾਅ ਸੰਗੀਤ ……………………..ਮੱਧਮ ਪੈਂਦਾ ਹੈ)**

**# ਧੁਨੀ ਪ੍ਰਭਾਵ-ਦਰਵਾਜ਼ੇ 'ਤੇ ਕਾਲ-ਬੈੱਲ #**

**ਰਾਜਿੰਦਰ:** ਮੈਂ ਦਰਵਾਜ਼ਾ ਖੋਲ੍ਹਦਾ ਹਾਂ। ਨਮਸਤੇ ਆਂਟੀ! ਤੁਸੀਂ ਕਿਵੇਂ ਹੋ?

**ਅਲਕਾ:** ਹੈਲੋ ਰਾਜਿੰਦਰ! ਹੈਲੋ ਮਨੋਹਰ ਵੀਰ! ਤੁਸੀਂ ਸਾਰੇ ਠੀਕ ਹੋ?

**ਮਨੋਹਰ:** ਅਸੀਂ ਬਿਲਕੁਲ ਠੀਕ ਹਾਂ। ਤੁਸੀਂ ਤਾਂ ਬਹੁਤ ਵੱਡਾ Surprise ਦਿੱਤਾ। ਦਿੱਲੀ ਵਿੱਚ ਅਚਾਨਕ ਕਿਵੇਂ ਆਉਣਾ ਹੋਇਆ? ਕੁਝ ਦੱਸਿਆ ਵੀ ਨਹੀਂ।

**ਅਲਕਾ:** ਮੈਂ ਤੁਹਾਨੂੰ ਸਾਰਿਆਂ ਨੂੰ Surprise ਦੇਣ ਵਾਲੀ ਸੀ। ਮੈਂ ਇੱਥੇ ਇਕ ਕਾਨਫਰੰਸ ਵਿੱਚ ਆਈ ਹਾਂ ਅਤੇ ਉਸ 'ਚ ਮੇਰਾ ਇਕ ਭਾਸ਼ਣ ਵੀ ਹੈ।

**ਬਲਜੀਤ:** ਕਿਹੜੀ ਕਾਨਫਰੰਸ ਦੀ ਗੱਲ ਕਰ ਰਹੀ ਹੈਂ ਅਲਕਾ ?

**ਅਲਕਾ:** ਸੰਯੁਕਤ ਰਾਸ਼ਟਰ ਵੱਲੋਂ ਕਰਵਾਈ ਜਾ ਰਹੀ ਇਹ ਮੌਸਮ ਬਦਲਾਅ ਬਾਬਤ ਅੰਤਰਰਾਸ਼ਟਰੀ ਕਾਨਫਰੰਸ ਹੈ। ਤਿੰਨ ਦਿਨ ਦੀ ਇਹ ਕਾਨਫਰੰਸ ਕੱਲ੍ਹ ਤੋਂ ਵਿਗਿਆਨ ਭਵਨ ਵਿੱਚ ਹੋ ਰਹੀ ਹੈ।

**ਕਮਲੇਸ਼:** ਇਸ ਵਿੱਚ ਕਿਸ ਪ੍ਰਕਾਰ ਦੇ ਮੁੱਦਿਆਂ 'ਤੇ ਚਰਚਾ ਹੋਵੇਗੀ?

**ਅਲਕਾ:** ਵਾਤਾਵਰਨ ਵਿੱਚ ਬਦਲਾਅ, ਗਲੋਬਲ ਵਾਰਮਿੰਗ ਆਦਿ ਵਿਸ਼ਿਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਜਾਵੇਗੀ। ਸਾਡੇ ਗ੍ਰਹਿ ਅਤੇ ਜੈਵ-ਵਿਭਿੰਨਤਾ 'ਤੇ ਪੈ ਰਹੇ ਪ੍ਰਭਾਵਾਂ ਬਾਬਤ ਗਿਆਨ ਤੇ ਤਜਰਬੇ ਸਾਂਝੇ ਕੀਤੇ ਜਾਣਗੇ !

**ਕਮਲੇਸ਼:**ਬੂਆ ਜੀ! ਕੀ ਮੈਂ ਵੀ ਇਸ 'ਚ ਭਾਗ ਲੈ ਸਕਦੀ ਹਾਂ ?

**ਰਾਜਿੰਦਰ:** ਹਾਂ-ਹਾਂ ਕਿਉਂ ਨਹੀਂ। ਵਿਸ਼ਵ ਭਰ 'ਤੋਂ ਵੱਡੇ-ਵੱਡੇ ਵਿਗਿਆਨੀ ਇਸ ਵਿੱਚ ਪਹੁੰਚ ਰਹੇ ਹਨ।

**ਅਲਕਾ:** ਰਾਜਿੰਦਰ ! ਨਹੀਂ ! ਅਜਿਹਾ ਨਹੀਂ !! ਇਸ ਸੰਮੇਲਣ ਵਿੱਚ ਇੱਕ ਖੁੱਲ੍ਹਾ ਜਨਤਕ ਸ਼ੈਸ਼ਨ ਵੀ ਹੈ ! ਚੰਗਾ ਹੋਵੇਗਾ, ਖੁੱਲ੍ਹੇ ਸੈਸ਼ਨ ਵਿੱਚ ਤੁਸੀਂ ਸਾਰੇ ਹੀ ਪਹੁੰਚੋ। ਮਨੋਹਰ ਵੀਰ ਨੂੰ ਖੇਤੀ ਨਾਲ ਸਬੰਧਿਤ ਅਨੇਕਾਂ ਜਾਣਕਾਰੀਆਂ ਮਿਲਣਗੀਆਂ। ਕਮਲੇਸ਼ ਤੇ ਤੁਹਾਨੂੰ, ਵਾਤਾਵਰਨ ਦੇ ਬਾਰੇ ਬਹੁਤ ਕੁਝ ਜਾਣਨ ਨੂੰ ਮਿਲੇਗਾ। ਇਹ ਤੁਹਾਡੀ ਪੜ੍ਹਾਈ ਦੇ ਵਿਸ਼ੇ ਵੀ ਹਨ।

**ਬਲਜੀਤ:** ਹਾਂ ਤੁਹਾਨੂੰ ਸਾਰਿਆਂ ਨੂੰ ਜਾਣਾ ਚਾਹੀਦਾ ਹੈ। ਇਹ ਕੰਮ ਆਉਣ ਵਾਲੀਆਂ ਚੀਜ਼ਾਂ ਨੇ ! ਪਰ ਪਹਿਲਾਂ ਇੱਕ ਹੋਰ ਕੰਮ ਆਉਣ ਵਾਲੀ ਚੀਜ ਹੈ ਮੇਰੇ ਗੁਲਾਬ ਜਾਮਨ ! ਲਓ ਖਾਓ ਜਰਾ ਗਰਮ ਗਰਮ !

**ਅਲਕਾ:** ਵਾਹ! ਬਲਜੀਤ! ਤੁਹਾਡੇ ਹੱਥਾਂ ਦਾ ਵੀ ਤਾਂ ਜਵਾਬ ਨਹੀਂ। ਤੁਹਾਡੇ ਬਣਾਏ ਗੁਲਾਬ-ਜਾਮਨਾਂ ਨੂੰ ਵੇਖ ਕੇ ਤਾਂ ਮੂੰਹ 'ਚ ਪਾਣੀ ਭਰ ਆਇਆ।

**……ਦ੍ਰਿਸ਼ ਬਦਲਾਅ ਸੰਗੀਤ……**

**……ਦ੍ਰਿਸ਼ ਤੀਜਾ……**

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**# ਧੁਨੀ ਪ੍ਰਭਾਵ- ਕੱਪ- ਪਲੇਟ- ਚਮਚ # ਖਾਣਾ ਖਾਣ ਦੇ ਸਮੇਂ ਆਪਸੀ ਚਰਚਾ**

**ਦ੍ਰਿਸ਼: ਰਾਤ ਦੇ ਖਾਣੇ ਤੋਂ ਬਾਅਦ ਦਾ ਸਮਾਂ**

**ਕਮਲੇਸ਼:**ਬੂਆ ਜੀ ! ਮੈਨੂੰ ਉਮੀਦ ਹੈ ਕਿ ਤੁਸੀਂ ਅਜੇ ਸੌਣ ਲਈ ਤਾਂ ਜਾਣਾ ਨਹੀਂ ਹੋਵੇਗਾ ! ਮੇਰੇ ਕੁਝ ਸਵਾਲ ਹਨ। ਕੀ ਮੈਂ ਪੁੱਛ ਸਕਦੀ ਹਾਂ?

**ਰਾਜਿੰਦਰ:** ਨਹੀਂ!ਬੂਆ ਜੀ ਤਾਂ ਅਜੇ ਮੇਰੇ ਨਾਲ ਖੇਡਣਗੇ !

**ਅਲਕਾ:** ਬਿਲਕੁਲ! ਅਸੀਂ ਸਾਰੇ ਮਿਲ ਕੇ ਖੇਡਾਂਗੇ। ਪਹਿਲਾਂ ਕਮਲੇਸ਼ ਦੀ ਵਾਰੀ ! ਇਸਦੇ ਦੇ ਪ੍ਰਸ਼ਨਾਂ ਦੇ ਉੱਤਰ ! ਕਮਲੇਸ਼ ਕੀ ਹਨ, ਤੇਰੇ ਪ੍ਰਸ਼ਨ ਪੱਛ ਖਾਂ ਜਰਾ !

**ਕਮਲੇਸ਼:** ਬੂਆ ਜੀ! ਮੇਰੀ ਕਿਤਾਬ 'ਚ ਦੱਸਿਆ ਗਿਆ ਹੈ ਕਿ ਕਾਰਬਨ-ਡਾਈ-ਆਕਸਾਈਡ, ਮੀਥੇਨ, ਓਜ਼ੋਨ, ਕਲੋਰੋਫਲੋਰੋਕਾਰਬਨ, ਹਾਈਡ੍ਰੋ ਫਲੋਰੋ ਕਾਰਬਨ, ਨਾਈਟ੍ਰਸ-ਆਕਸਾਈਡ ਅਤੇ ਜਲ ਵਾਸ਼ਪਾਂ ਨੂੰ ਗ੍ਰੀਨ-ਹਾਊਸ ਗੈਸਾਂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ ! ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਹ ਸਾਰੀਆਂ ਗੈਸਾਂ ਵਾਤਾਵਰਨ ਦੀਆਂ ਦੁਸ਼ਮਣ ਹਨ ਅਤੇ ਉਸ ਨੂੰ ਖਰਾਬ ਕਰਦੀਆਂ ਹਨ !

**ਅਲਕਾ:** ਹਾਂ! ਇਹ ਧਾਰਣਾ ਤਾਂ ਸਹੀ ਹੈ ਹੀ ! ਇਹ ਸਾਰੀਆਂ ਗ੍ਰੀਨ-ਹਾਊਸ ਗੈਸਾਂ ਹੀ ਤਾਂ ਗਲੋਬਲ ਵਾਰਮਿੰਗ ਦੇ ਹਨ ਸਭ ਤੋਂ ਵੱਡੇ ਕਾਰਕ !

**ਕਮਲੇਸ਼:** ਪਰ ਬਨਸਪਤੀ ਵਿਗਿਆਨ ਅਨੁਸਾਰ ਤਾਂ ਸਾਰੇ ਦੇ ਸਾਰੇ ਹਰੇ ਪੌਦੇ ਆਪਣਾ ਭੋਜਨ ਹੀ ਕਾਰਬਨ-ਡਾਈ-ਆਕਸਾਈਡ ਗੈਸ ਤੋਂ ਅਤੇ ਪਾਣੀ ਤੋਂ ਸੂਰਜ ਦੀ ਰੌਸ਼ਨੀ ਵਿੱਚ ਪ੍ਰਕਾਸ਼ ਸੰਸ਼ਲੇਸ਼ਣ ਰਾਹੀਂ ਬਣਾਉਂਦੇ ਹਨ ! ਅੱਗੋਂ ਇਹ ਪੇੜ ਪੌਦੇ ਹੀ ਤਾਂ ਕਿਸੇ ਨਾ ਕਿਸੇ ਪ੍ਰਕਾਰ, ਕਿਸੇ ਨਾ ਕਿਸੇ ਰੂਪ ਵਿੱਚ, ਜੀਵ-ਜੰਤੂਆਂ ਦਾ ਭੋਜਨ ਹੈ ਅਤੇ ਉਨ੍ਹਾਂ ਦੇ ਖਾਣ ਦੇ ਕੰਮ ਆਉਂਦਾ ਹੈ! ਇਸ ਤੋਂ ਬਿਨਾਂ ਤਾਂ ਅਸੀਂ ਭੁੱਖੇ ਮਰ ਜਾਵਾਂਗੇ।

**ਰਜਿੰਦਰ:** ਕਮਲੇਸ਼ ਦੀ ! ਪਰ ਮੁਰਗੀ ਦੇ ਅੰਡੇ , ਮੀਟ ਮੱਛੀ ਆਦਿ ਤਾਂ ਪੌਦਿਆਂ ਤੋਂ ਤਾਂ ਨਹੀਂ ਆਉਂਦੇ ਨਾ ! ਨਾਲੇ ਸ਼ੇਰ , ਚੀਤੇ ਆਦਿ ਤਾਂ ਘਾਹ ਨਹੀਂ ਨਾ ਖਾਂਦੇ ?

**ਕਮਲੇਸ਼:** ਹਾਂ ਰਜਿੰਦਰ ! ਪਹਿਲੀ ਨਜਰੇ ਤਾਂ ਤੇਰੀ ਗੱਲ ਠੀਕ ਹੀ ਜਾਪਦੀ ਹੈ ! ਪਰ ਜਰਾ ਸੋਚ ਜਿਨ੍ਹਾਂ ਜੀਵਾਂ ਨੂੰ ਇਹ ਜੰਗਲੀ ਜਾਨਵਰ ਖਾਂਦੇ ਹਨ ਉਨ੍ਹਾਂ ਨੂੰ ਭੋਜਨ ਕਿੱਥੋਂ ਮਿਲਦਾ ਹੈ ? ਜਿਨ੍ਹਾਂ ਮੁਰਗੀਆਂ ਦੇ ਅੰਡੇ ਮੀਟ ਦੀ ਤੂੰ ਗੱਲ ਕੀਤੀ

ਹੈ ਉਨ੍ਹਾਂ ਨੂੰ ਮੁਰਗੀ ਦਾਨਾ ਕਿੱਥੋਂ ਪ੍ਰਾਪਤ ਹੁੰਦਾ ਹੈ ?

**ਅਲਕਾ:** ਬਹੁਤ ਅੱਛਾ ! ਪਹਿਲਾਂ ਰਜਿੰਦਰ ਦੇ ਪ੍ਰਸ਼ਨ ਦਾ ਜਵਾਬ ਹੋਰ ਸਪਸ਼ਟ ਕਰ ਦਿੰਦੇ ਹਾਂ ! ਪੂਰੀ ਧਰਤੀ ਦੇ ਉਪਰ ਊਰਜਾ ਦਾ ਸ੍ਰੋਤ ਕੇਵਲ ਸੂਰਜ ਹੀ ਹੈ ! ਸੂਰਜ ਦੀ ਹੀ ਊਰਜਾ ਪੌਦਿਆਂ ਰਾਹੀਂ ਭੋਜਨ ਬਣਦੀ ਹੈ ਬਾਕੀ ਜੀਵਾਂ ਦਾ ਜਿਹੜੇ ਅੱਗੋਂ ਭੋਜਨ ਬਣਦੇ ਨੇ ਹੋਰ ਮਾਸਾਹਾਰੀ ਜੀਵਾਂ ਦਾ ! ਇਹ ਬਣ ਜਾਂਦੀ ਹੈ ਇੱਕ ਭੋਜਨ ਲੜੀ ! ਇਸ ਤਰ੍ਹਾਂ ਸਾਦੇ ਪਰਿਆਵਰਣੀ ਤੰਤਰ ਵਿੱਚ ਅਨੇਕਾਂ ਭੋਜਨ ਲੜੀਆਂ ਹਨ ਜੋ ਜੁੜੀਆਂ ਹੋਈਆਂ ਹਨ ਇੱਕ ਦੂਜੇ ਦੇ ਨਾਲ ਇੱਕ ਜਾਲ ਜਿਹੇ ਦੇ ਵਿੱਚ!

**ਕਮਲੇਸ਼:** ਬੂਆ ਜੀ ! ਇਹ ਤਾਂ ਟੋਕਦਾ ਹੀ ਰਹੇਗਾ ! ਮੇਰੇ ਪ੍ਰਸ਼ਨ ਦਾ ਜਵਾਬ ਦਿਓ ਤੁਸੀਂ ਪਹਿਲਾਂ ! ਫਿਰ ਸੁਣ ਲੈਣੀਆਂ ਇਸਦੀ ਰਾਮਕਹਾਣੀਆਂ !

**ਅਲਕਾ:** ਨਹੀਂ ਕਮਲੇਸ਼ ! ਇਹ ਰਾਮ ਕਹਾਣੀਆਂ ਨਹੀਂ ! ਸਗੋਂ ਹਕੀਕਤ ਹੈ ਤੇ ਤੁਹਾਡੇ ਦੋਵਾਂ ਦੇ ਪ੍ਰਸ਼ਨ ਬਹੁਤ ਹੀ ਜਗਿਆਸਾ ਪੂਰਨ ਹਨ ! ਬਲਕਿ ਇਹੋ ਜਿਹੇ ਪ੍ਰਸ਼ਨ ਕਰਨ 'ਤੇ ਹੀ ਤਾਂ ਹੁੰਦਾ ਹੈ ਗਿਆਨ ਵਿੱਚ ਵਾਧਾ !

**ਕਮਲੇਸ਼:** ਪਰ ਬੂਆ ਜੀ ! ਅੱਜ ਕੱਲ ਤਾਂ ਪ੍ਰਸ਼ਨ ਪੁੱਛਣ ਦੇ ਮੌਕੇ ਹੀ ਨਹੀਂ ਦਿੱਤੇ ਜਾਂਦੇ ! ਵਿਦਿਅਕ ਅਦਾਰਿਆਂ ਵਿੱਚ ਵੀ ਪ੍ਰਸ਼ਨ ਪੁੱਛਣ ਤੇ ਨੱਕ -ਬੁੱਲ੍ਹ ਕੱਢੇ ਜਾਂਦੇ ਨੇ , ਮਖੌਲ ਉਡਾਏ ਜਾਂਦੇ ਨੇ ਤੇ ਬਹੁਤੇ ਵਾਰੀ ਜਵਾਬ ਦੇਣ ਤੋਂ ਕਿਨਾਰਾ ਕਰ ਲਿਆ ਜਾਂਦਾ ਹੈ !

**ਅਲਕਾ:** ਠੀਕ ਹੈ ਕਿ ਅਜਿਹਾ ਮਾਹੌਲ ਬਣ ਗਿਆ ! ਇਸੇ ਕਰਕੇ ਤਾਂ ਅਸੀਂ ਅੱਧਗਿਤੀ ਵੱਲ ਜਾ ਰਹੇ ਹਾਂ ਅਤੇ ਹੁਣ ਆਨੇ ਬਹਾਨੇ ਪੱਧਰ ਨੀਵਾਂ ਹੋਣਾ ਕਹਿਕੇ ਰੁਜਗਾਰ ਦੇ ਯੋਗ ਨਾ ਹੋਣ ਵਾਲੀ ਵਿਦਿਆ ਕਹਿ ਕੇ ਵਿਦਿਅਕ ਅਦਾਰੇ ਬਦੇਸ਼ੀਆਂ ਦੇ ਹੱਥ ਜਾ ਰਹੇ ਨੇ ਜਾਂ ਫਿਰ ਸਾਡੇ ਪੰਜਾਬ ਦੇ ਡੇਢ ਕੁ ਲੱਖ ਵਿਦਿਆਰਥੀ ਪੜ੍ਹਣ ਹੀ ਬਦੇਸ਼ਾਂ ਵਿੱਚ ਚਲੇ ਗਏ ਨੇ ! ਮੇਰੇ ਬੱਚੇ। ਬਹੁਤ ਚੰਗਾ ਸਵਾਲ! ਤੁਹਾਡਾ ਇਸ਼ਾਰਾ ਸਹੀ ਹੈ। ਪਰੰਤੂ ਸੰਤੁਲਨ ਦਾ ਹੋਣਾ ਵੀ ਉਨਾ ਹੀ ਜ਼ਰੂਰੀ ਹੈ।

**ਕਮਲੇਸ਼:** ਬੁਆ ਜੀ ! ਤੁਸੀਂ ਤਾਂ ਕਪਾਟ ਜਿਹੇ ਹੀ ਖੋਲ੍ਹ ਦਿੱਤੇ ਇਸ ਮਾਮਲੇ ਵਿੱਚ ਤਾਂ ! ਪਰ ਹੁਣ ਮੇਰੇ ਪ੍ਰਸ਼ਨ ਦਾ ਵੀ ਜਵਾਬ ਦੇ ਦਿਓ ਨਾ ਪਲੀਜ਼ !

**ਅਲਕਾ:** ਲੈ ਸੁਣ ਤੇਰੇ ਪ੍ਰਸ਼ਨ ਦਾ ਉੱਤਰ! ਸ਼ਾਰੇ ਬ੍ਰਹਿਮੰਡ ਵਿੱਚ ਇੱਕ ਸੰਤੁਲਨ ਜਿਹਾ ਹੈ , ਜੇ ਉਹ ਜਿਆਦਾ ਵਿਗੜ ਜਾਵੇ ਤਾਂ ਕੁਦਰਤੀ ਵਰਤਾਰਿਆਂ ਵਿੱਚ ਪੈ ਜਾਵੇਗੀ ਖਲਲ ! ਕਾਰਬਨ-ਡਾਈ-ਆਕਸਾਈਡ ਦਾ ਉਤਸਰਜਨ ਅਤੇ ਇਸ ਦੀ ਖਪਤ ਵਿਚ ਵੀ ਇਸੇ ਤਰ੍ਹਾਂ ਦੇ ਇੱਕ ਪ੍ਰਕਾਰ ਦੇ ਸੰਤੁਲਨ ਦਾ ਹੋਣਾ ਜ਼ਰੂਰੀ ਹੈ। ਇਸ ਸੰਤੁਲਨ ਦੀ ਅਵਸਥਾ ਵਿੱਚ ਹੀ ਇਹ ਜ਼ਰੂਰੀ ਤਾਪਮਾਨ ਨੂੰ ਬਣਾਏ ਰੱਖ ਸਕਦਾ ਹੈ ਅਤੇ ਪੌਦਿਆਂ ਨੂੰ ਭੋਜਨ ਬਣਾਉਣ ਵਿੱਚ ਸੁਵਿਧਾ ਰਹਿੰਦੀ ਹੈ। ਮਤਲਬ ਕੁਦਰਤ ਦਾ ਸੰਤੁਲਿਤ ਚੱਕਰ ਚੱਲਦਾ ਰਹਿੰਦਾ ਹੈ।

**ਕਮਲੇਸ਼:** ਬੂਆ ਜੀ ! ਫਿਰ ਅਸੰਤੁਲਨ ਕਿਉਂ ?

**ਅਲਕਾ:** ਸਾਡੀਆਂ ਵਿਭਿੰਨ ਗਤੀਵਿਧੀਆਂ ਜਿਵੇਂ ਉਦਯੋਗ, ਊਰਜਾ ਉਤਪਾਦਨ ਤੇ ਵਾਹਨਾਂ ਨੇ ਇਹ ਸੰਤੁਲਨ ਵਿਗਾੜ ਦਿੱਤਾ !

ਅਸੀਂ ਬਹੁਤ ਜ਼ਿਆਦਾ ਗ੍ਰੀਨ ਹਾਊਸ-ਗੈਸਾਂ ਦਾ ਉਤਸਰਜਨ ਕਰ ਰਹੇ ਹਾਂ। ਇਹ ਗੈਸਾਂ ਤਾਪ ਨੂੰ ਸੋਖਕੇ ਧਰਤੀ ਦਾ ਤਾਪਮਾਨ ਵਧਾਉਂਦਿਆਂ ਹਨ ਜਿਸ ਨਾਲ ਗਲੋਬਲ ਵਾਰਮਿੰਗ ਦੀ ਸਥਿਤੀ ਬਣਦੀ ਹੈ।

**ਕਮਲੇਸ਼:** ਸਾਡੀ ਧਰਤੀ ਤਾਂ ਇਕ ਵਿਸ਼ਾਲ ਗ੍ਰਹਿ ਹੈ ! ਕਿਵੇਂ ਕਿਹਾ ਜਾ ਸਕਦਾ ਹੈ ਕਿ ਤਾਪਮਾਨ ਵਧ ਰਿਹਾ ਹੈ ?

**ਅਲਕਾ:** ਇਸ ਬਾਬਤ ਮੈਂ ਕੁਝ ਅੰਕੜੇ ਪੇਸ਼ ਕਰਦੀ ਹਾਂ ! ਆਈ ਪੀ ਪੀ ਸੀ ਯਾਣੀ ਜਲਵਾਯੂ ਬਦਲਾਅ ਬਾਬਤ ਅੰਤਰ ਸਰਕਾਰਾਂ ਦਲ ( Intergovernmental Panel for climate change ) ਦਾ ਮੰਨਣਾ ਹੈ ਕਿ ਇਸ ਸਦੀ ਦੇ ਅੰਤ ਤੱਕ ਸਾਡੀ ਧਰਤੀ ਦਾ ਔਸਤਨ ਤਾਪਮਾਨ $1.5^0$C ਤੱਕ ਵਧ ਜਾਏਗਾ, ਜਿਸ ਦੇ ਗੰਭੀਰ ਨਤੀਜੇ ਹੋਣਗੇ !

**ਰਾਜਿੰਦਰ:**ਬੂਆ ਜੀ, ਪਲੀਜ਼ ਚੱਲੋ ਨਾ। ਹੁਣ ਮੇਰੇ ਨਾਲ ਖੇਡੋ। ਮੈਂ ਕਿੰਨੀ ਦੇਰ ਤੋਂ ਉਡੀਕ ਕਰ ਰਿਹਾ ਹਾਂ।

**ਅਲਕਾ:** ਚੰਗਾ ਭਾਈ ਚੰਗਾ। ਚੱਲਦੇ ਹਾਂ। ਕਮਲੇਸ਼, ਇਸ ਵਿਸ਼ੇ 'ਤੇ ਹੋਰ ਚਰਚਾ ਕੱਲ੍ਹ ਕਰਾਂਗੇ।

**ਕਮਲੇਸ਼:** ਠੀਕ ਹੈ ਬੂਆ ਜੀ! Good night ਮੈਂ ਹੁਣ ਸੌਂਣ ਦੇ ਲਈ ਜਾ ਰਹੀ ਹਾਂ.....

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਚੌਥਾ......**

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**# (ਰਾਜਿੰਦਰ ਅਤੇ ਅਲਕਾ ਦੇ ਚੱਲਣ ਦਾ ਧੁਨੀ ਪ੍ਰਭਾਵ) #**

**ਮਨੋਹਰ:** ਛੇਤੀ ਕਰੋ। ਅਸੀਂ ਵਿਗਿਆਨ ਭਵਨ 10:30 ਵਜੇ ਤੱਕ ਪਹੁੰਚਣਾ ਹੈ। ਸਵੇਰ ਦੇ ਸਮੇਂ ਟ੍ਰੈਫ਼ਿਕ ਵੀ ਬਹੁਤ ਹੁੰਦੀ ਹੈ। ਇਕ ਘੰਟਾ ਲੱਗ ਜਾਏਗਾ। ਤੁਸੀਂ ਸਾਰੇ ਤਿਆਰ ਹੋ ਕੇ ਆਉ। ਮੈਂ ਕਾਰ ਬਾਹਰ ਕੱਢ ਰਿਹਾ ਹਾਂ।

**# (ਕਾਰ ਦੇ ਚੱਲਣ ਦੀ ਆਵਾਜ਼। ਦਰਵਾਜ਼ੇ ਦੇ ਬੰਦ ਹੋਣ ਦਾ ਪ੍ਰਭਾਵ। ਸੜਕ 'ਤੇ ਕਾਰਾਂ ਦੇ ਚੱਲਣ ਦਾ ਧੁਨੀ ਪ੍ਰਭਾਵ) #**

**ਅਲਕਾ:** ਮਨੋਹਰ ਵੀਰ ਜੀ ਧੰਨਵਾਦ! ਅਸੀਂ ਸਮੇਂ 'ਤੇ ਪਹੁੰਚ ਗਏ ਹਾਂ। ਅਜੇ ਕਾਨਫਰੰਸ ਦੇ ਸ਼ੁਰੂ ਹੋਣ 'ਚ ਸਮਾਂ ਹੈ। ਕਿਉਂ ਨਾ ਇਕ ਚੱਕਰ ਲਗਾ ਲਈਏ।

**# (ਉਹ ਸਾਰੇ ਚੱਲ ਰਹੇ ਹਨ। ਸੰਗੀਤ ਧੁਨੀ) #**

**(ਪਿੱਛੇ ਤੋਂ):** ਸ਼੍ਰੀਮਾਨ ਮਨੋਹਰ.. ਹੈਲੋ ਮਿਸਟਰ ਮਨੋਹਰ !

**ਮਨੋਹਰ:** ਕਿਆ ਚਮਤਕਾਰ ਹੈ ! ਵਿਸ਼ਵਾਸ ਹੀ ਨਹੀਂ ਹੁੰਦਾ। ਪ੍ਰੋਫ਼ੈਸਰ ਅਸ਼ਫ਼ਾਕ ! ਤੁਹਾਡੇ ਨਾਲ ਮਿਲ ਕੇ ਬਹੁਤ ਖੁਸ਼ੀ ਹੋਈ।

**ਪ੍ਰੋ. ਅਸ਼ਫ਼ਾਕ:** ਮਨੋਹਰ ਕਿਆ ਸਪਰਾਈਜ਼ ਹੈ ! ਕਿਵੇਂ ਹੋ ਤੁਸੀਂ?

**ਮਨੋਹਰ:** ਮੈਂ ਠੀਕ ਹਾਂ। ਮੈਂ ਤੁਹਾਡੀ ਜਾਣ-ਪਛਾਣ ਕਰਵਾਉਂਦਾ ਹਾਂ। ਇਹ ਮੇਰੀ ਧਰਮ ਪਤਨੀ ਬਲਜੀਤ ਹੈ। ਮੇਰੇ ਪਰਿਵਾਰ ਦੀ ਸੇਵਾ 'ਚ ਅਤੇ ਸਮਾਜਿਕ ਕੰਮਾਂ 'ਚ ਲੱਗੀ ਹੋਈ।

**ਪ੍ਰੋ. ਅਸ਼ਫ਼ਾਕ**: ਨਮਸਤੇ ਮੈਡਮ !

**ਬਲਜੀਤ:** ਨਮਸਤੇ! ਪ੍ਰੋ. ਸਾਹਿਬ ਦੀ ਹਿੰਦੀ 'ਤੇ ਚੰਗੀ ਪਕੜ ਲੱਗਦੀ ਹੈ।

**ਪ੍ਰੋ. ਅਸ਼ਫ਼ਾਕ**: ਮੈਨੂੰ ਭਾਰਤ ਨਾਲ ਪਿਆਰ ਹੈ ਅਤੇ ਮੈਂ ਇੱਥੇ ਆਉਂਦਾ ਰਹਿੰਦਾ ਹਾਂ !

**ਮਨੋਹਰ:** ਇਹ ਹੈ ਮੇਰੀ ਭੈਣ ਡਾ. ਅਲਕਾ । ਇਕ ਮਾਹਿਰ ਮੌਸਮ ਵਿਗਿਆਨੀ; ਉਪਨਿਰਦੇਸ਼ਕ ਹਨ ਭਾਰਤ ਮੌਸਮ ਵਿਗਿਆਨ ਵਿਭਾਗ ਵਿੱਚ।

**ਪ੍ਰੋ. ਅਸ਼ਫ਼ਾਕ:** ਨਮਸਤੇ ਡਾ. ਅਲਕਾ ! ਮੈਨੂੰ ਤੁਹਾਡੇ ਵਿਖਿਆਣ ਦੀ ਉਡੀਕ ਰਹੇਗੀ !

**ਅਲਕਾ**: ਨਮਸਤੇ। ਤੁਹਾਡਾ ਸਵਾਗਤ ਹੈ।

**ਮਨੋਹਰ:** ਇਹ ਹੈ ਮੇਰੀ ਬੇਟੀ ਕਮਲੇਸ਼ ! ਕਾਲਜ ਵਿੱਚ ਵਾਤਾਵਰਨ ਵਿਗਿਆਨ ਦਾ ਵਿਦਿਆਰਥਣ ਅਤੇ ਇਹ ਹੈ ਮੇਰਾ ਬੇਟਾ ਰਾਜਿੰਦਰ ! ਦਸਵੀਂ ਦਾ ਵਿਦਿਆਰਥੀ...

**ਪ੍ਰੋ. ਅਸ਼ਫ਼ਾਕ:** ਹੈਲੋ ਬੱਚਿਓ! ਤੁਹਾਨੂੰ ਮਿਲ ਕੇ ਬਹੁਤ ਚੰਗਾ ਲੱਗਿਆ।

**ਕਮਲੇਸ਼ ਅਤੇ ਰਾਜਿੰਦਰ:** ਨਮਸਤੇ ਅੰਕਲ!

**ਮਨੋਹਰ:** ਚੰਗਾ ਸੁਣੋ! ਇਹ ਹਨ ਪ੍ਰੋਫ਼ੈਸਰ ਅਸ਼ਫ਼ਾਕ। ਇਹ ਕਨੇਡਾ ਵਿੱਚ ਟੋਰੰਟੋ ਯੂਨੀਵਰਸਿਟੀ 'ਚ ਪ੍ਰੋਫ਼ੈਸਰ ਹਨ।

**ਕਮਲੇਸ਼:** ਪਰੰਤੂ ਪਾਪਾ ਤੁਸੀਂ ਇਨ੍ਹਾਂ ਨੂੰ ਕਿੱਥੇ ਮਿਲੇ ਅਤੇ ਕਿਵੇਂ ਜਾਣਦੇ ਹੋ?

**ਪ੍ਰੋ. ਅਸ਼ਫ਼ਾਕ: (ਹੱਸਦੇ ਹੋਏ**) ਮੈਂ ਦੱਸਦਾ ਹਾਂ। ਪਿਛਲੇ ਸਾਲ, ਮੈਂ ਦਿੱਲੀ ਵਿੱਚ ਇਕ ਕਾਨਫ਼ਰੰਸ ਦੇ ਲਈ ਆਇਆ ਹੋਇਆ ਸੀ। ਉਸ ਦਾ ਵਿਸ਼ਾ ਸੀ, "ਨਵੀਆਂ ਜੁਗਤਾਂ ਤੇ ਟਿਕਾਊ ਖੇਤੀ"। ਤੁਹਾਡੇ ਪਾਪਾ ਵੀ ਉਸ ਵਿੱਚ ਆਏ ਸਨ ਅਤੇ ਸਾਡੀ ਬਹੁਤ ਸਾਰੇ ਵਿਸ਼ਿਆਂ 'ਤੇ ਚਰਚਾ ਹੋਈ ਸੀ। ਬਹੁਤ ਹੀ ਪ੍ਰਗਤੀਸ਼ੀਲ ਕਿਸਾਨ ਹਨ।

**ਅਲਕਾ:** ਅਜੇ ਸਮਾਂ ਹੈ। ਪ੍ਰੋ. ਅਸ਼ਫ਼ਾਕ ਕਿਉਂ ਨਾ ਇਕ ਕੱਪ ਚਾਹ ਹੋ ਜਾਵੇ?

**ਪ੍ਰੋ. ਅਸ਼ਫ਼ਾਕ:** ਮੈਂ ਵੀ ਇਹੀ ਸੋਚ ਰਿਹਾ ਸੀ। ਆਉ ਚੱਲਦੇ ਹਾਂ।

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪੰਜਵਾਂ**......

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**# ਧੁਨੀ ਪ੍ਰਭਾਵ- ਚਾਹ ਦੀ ਦੁਕਾਨ #**

**ਕਮਲੇਸ਼:** ਅਲਕਾ ਬੂਆ ਜੀ! ਤੁਸੀਂ ਤਾਂ ਮੈਨੂੰ ਗਲੋਬਲ ਵਾਰਮਿੰਗ ਬਾਰੇ ਦੱਸਣਾ ਸੀ !

**ਪ੍ਰੋ. ਅਸ਼ਫ਼ਾਕ:** ਗਲੋਬਲ ਵਾਰਮਿੰਗ ਬਾਰੇ ਤੁਸੀਂ ਕੀ ਜਾਣਨਾ ਚਾਹੁੰਦੇ ਹੋ?

**ਅਲਕਾ:** ਕੱਲ੍ਹ ਮੈਂ ਇਨ੍ਹਾਂ ਨੂੰ, ਗ੍ਰੀਨ ਹਾਊਸ ਗੈਸਾਂ ਅਤੇ ਗਲੋਬਲ ਵਾਰਮਿੰਗ 'ਤੇ ਜਾਣਕਾਰੀ ਦੇ ਰਹੀ ਸੀ। ਕਮਲੇਸ਼ ! ਪ੍ਰੋ. ਅਸ਼ਫ਼ਾਕ ਇਸ ਵਿਸ਼ੇ ਵਿੱਚ ਵਿਗਿਆਨੀ ਹਨ। ਗਲੋਬਲ ਵਾਰਮਿੰਗ ਵਿੱਚ ਇਨ੍ਹਾਂ ਦੀ ਵਿਸ਼ੇਸ਼ ਰੁਚੀ ਤੇ ਅਧਿਅਨ ਹੈ !

**ਕਮਲੇਸ਼:** ਅੰਕਲ! ਬੂਆ ਜੀ ਦੱਸ ਰਹੇ ਸਨ ਕਿ ਇਸ ਸਦੀ ਦੇ ਅੰਤ ਤੱਕ ਸਾਡੀ ਧਰਤੀ ਦਾ ਤਾਪਮਾਨ $1.5^0$ C ਤੱਕ ਵਧ ਜਾਵੇਗਾ।

**ਪ੍ਰੋ. ਅਸ਼ਫ਼ਾਕ:** ਬਿਲਕੁਲ ਸਹੀ ਕਿਹਾ ਹੈ ਉਨ੍ਹਾਂ ਨੇ। ਇਹ ਗੰਭੀਰ ਵਿਸ਼ਾ ਹੈ।

**ਮਨੋਹਰ:** ਗੰਭੀਰ! ਪ੍ਰੋ. ਕੀ ਤੁਸੀਂ ਇਸ 'ਤੇ ਹੋਰ ਚਾਨਣਾ ਪਾਉਗੇ ?

**ਪ੍ਰੋ. ਅਸ਼ਫ਼ਾਕ:** ਹਾਂ ਕਿਉਂ ਨਹੀਂ। ਪਹਿਲਾਂ ਅਸੀਂ ਖੇਤੀ ਦੀ ਹੀ ਗੱਲ ਕਰਦੇ ਹਾਂ , ਠੀਕ ਹੈ ?

**ਮਨੋਹਰ:** ਹਾਂ ਪ੍ਰੋਫ਼ੈਸਰ ਸਾਹਿਬ , ਇਹ ਠੀਕ ਰਹੇਗਾ।

**ਪ੍ਰੋ. ਅਸ਼ਫ਼ਾਕ:** ਸਾਡੇ ਦੇਸ਼ ਦੀ ਆਰਥ ਵਿਵਸਥਾ, ਬਹੁਤ ਹੱਦ ਤੱਕ ਖੇਤੀ 'ਤੇ ਨਿਰਭਰ ਹੈ। ਜਿਵੇਂ-ਜਿਵੇਂ ਗਲੋਬਲ ਵਾਰਮਿੰਗ ਦੀ ਸਮੱਸਿਆ ਵਧੇਗੀ, ਵੈਸੇ-ਵੈਸੇ ਖੇਤੀ ਉਤਪਾਦਨ ਘਟਦਾ ਜਾਵੇਗਾ। ਅਜਿਹਾ ਕਈ ਕਾਰਨਾਂ ਨਾਲ ਹੋਵੇਗਾ। ਪ੍ਰਤੀ ਏਕੜ ਝਾੜ ਵਿੱਚ ਕਮੀ ਆਏਗੀ।

**ਮਨੋਹਰ:** ਇਸ ਨਾਲ ਤਾਂ ਕਿਸਾਨਾਂ ਦਾ ਜੀਵਨ ਹੋਰ ਵੀ ਔਖਾ ਹੋ ਜਾਵੇਗਾ !

**ਪ੍ਰੋ. ਅਸ਼ਫ਼ਾਕ:** ਇਹ ਇੱਥੇ ਹੀ ਨਹੀਂ ਰੁਕੇਗਾ। ਇਸ ਨਾਲ ਮਾਨਸੂਨ ਦਾ ਚੱਕਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਇਸ ਨਾਲ ਸੋਕੇ ਅਤੇ ਹੜ੍ਹ ਵਰਗੀ ਸਥਿਤੀ ਪੈਦਾ ਹੋਣ ਦਾ ਡਰ ਹੈ। ਇਸ ਨਾਲ ਕਿਸਾਨਾਂ ਦੇ ਨਾਲ-ਨਾਲ ਰਾਸ਼ਟਰੀ ਅਰਥ ਵਿਵਸਥਾ ਵੀ ਪ੍ਰਭਾਵਿਤ ਹੋਵੇਗੀ।ਸੋਕੇ ਕਾਰਨ ਖੇਤੀ ਦੇ ਨਾਲ-ਨਾਲ, ਪਸ਼ੂ-ਪਾਲਣ ਵੀ ਪ੍ਰਭਾਵਿਤ ਹੋਵੇਗਾ। ਮਾਨਸੂਨ ਅਤੇ ਮੀਂਹ 'ਤੇ ਨਿਰਭਰ ਦੇਸ਼ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।

**ਬਲਜੀਤ:** 2018 ਵਿੱਚ ਕੇਰਲ 'ਚ ਆਏ ਹੜ੍ਹ ਇਸੇ ਦਾ ਨਤੀਜਾ ਸਨ। ਇਸ ਨਾਲ ਕਰੋੜਾਂ ਰੁਪਏ ਦੀ ਹਾਨੀ ਹੋਈ ਸੀ। ਜਨ ਧਨ ਦੇ ਨਾਲ-ਨਾਲ ਫ਼ਸਲਾਂ ਦਾ, ਪਸ਼ੂ ਧਨ ਦਾ, ਸੰਪਤੀ ਦਾ ਨੁਕਸਾਨ ਹੋਇਆ ਅਤੇ ਲੱਖਾਂ ਲੋਕਾਂ ਦਾ ਰੋਜ਼ਗਾਰ ਖੁੱਸ ਗਿਆ ! ਹੜ੍ਹ ਨਾਲ ਹੋਈ ਤਬਾਹੀ ਦੇ ਬਾਅਦ, ਸਥਿਤੀ ਦੇ ਆਮ ਵਰਗੀ ਹੋਣ 'ਚ ਕਈ ਸਾਲ ਲੱਗ ਜਾਣਗੇ। ਲੋਕਾਂ ਨੂੰ ਪੁਨਰਵਾਸ ਅਤੇ ਪੁਨਰ ਸਥਾਪਿਤ ਕਰਨਾ ਇਕ ਵੱਡੀ ਚੁਨੌਤੀ ਹੈ।

**ਅਲਕਾ:** ਤੁਸੀਂ ਸਹੀ ਆਖਿਆ ਸਰ! ਇਸ ਪ੍ਰਕਾਰ ਦੀਆਂ ਸਥਿਤੀਆਂ ਅੱਗੇ ਨੂੰ ਵੀ ਆਉਂਦੀਆਂ ਹੀ ਰਹਿਣਗੀਆਂ।

**ਬਲਜੀਤ:** ਉਹ ਕਿਵੇਂ?

**ਅਲਕਾ:** ਬਿਮਾਰੀਆਂ ਫੈਲਣਗੀਆਂ। ਜਿਸ ਦੇ ਦੋ ਮੁੱਖ ਕਾਰਨ ਹੋਣਗੇ - ਇਕ ਹੈ ਹੜ੍ਹ ਦਾ ਆਉਣਾ ਅਤੇ ਪਾਣੀ ਦਾ ਠਹਿਰਾਅ। ਜਦੋਂ ਹੜ੍ਹ ਦਾ ਪਾਣੀ ਉਤਰ ਜਾਂਦਾ ਹੈ ਤਾਂ ਚੂਹਿਆਂ ਦਾ, ਮੱਛਰਾਂ ਦਾ ਅਤੇ ਇਸ ਪ੍ਰਕਾਰ ਦੇ ਦੂਸਰੇ ਕਾਰਕਾਂ ਦਾ ਪ੍ਰਕੋਪ ਵਧ ਜਾਂਦਾ ਹੈ।

**ਰਾਜਿੰਦਰ:** ਹਾਏ! ਇਹੀ ਕਾਰਨ ਹੈ ਕਿ ਹੜ੍ਹ ਦੇ ਬਾਅਦ, ਮਲੇਰੀਆ, ਦਸਤ, ਹੈਜ਼ਾ ਵਰਗੀਆਂ ਸਾਰੀਆਂ ਬਿਮਾਰੀਆਂ , ਕੇਰਲਾ ਵਿੱਚ ਬਹੁਤ ਤੇਜ਼ੀ ਨਾਲ ਫੈਲੀਆਂ ਸਨ।

**ਪ੍ਰੋ. ਅਸ਼ਫ਼ਾਕ:** ਰਾਜਿੰਦਰ ਤੂੰ ਸਹੀ ਕਿਹਾ।

**ਬਲਜੀਤ:** ਇਹ ਤਾਂ ਇਕ ਕਾਰਨ ਹੋਇਆ। ਦੂਸਰਾ ਕੀ ਹੈ ਪ੍ਰੋ. ਅਸ਼ਫ਼ਾਕ ?

**ਪ੍ਰੋ. ਅਸ਼ਫ਼ਾਕ:** ਮੱਛਰਾਂ ਵਰਗੇ ਕੀਟ, ਪਹਿਲਾਂ ਠੰਡੇ ਖੇਤਰਾਂ ਵਿੱਚ ਨਹੀਂ ਹੁੰਦੇ ਸਨ ਪਰ ਜਲਵਾਯੂ ਗਰਮਾਉਣ ਦੇ ਕਾਰਨ, ਹੁਣ ਇਨ੍ਹਾਂ ਦਾ ਪ੍ਰਕੋਪ ਉੱਥੇ ਵੀ ਵਧ ਰਿਹਾ ਹੈ। ਹੁਣ ਇਨ੍ਹਾਂ ਖੇਤਰਾਂ ਵਿੱਚ ਰਹਿਣ ਵਾਲੇ ਲੋਕ, ਮਲੇਰੀਆ, ਡੇਂਗੂ, ਯੈਲੋ-ਫੀਵਰ ਵਰਗੇ ਰੋਗਾਂ ਦੀ ਚਪੇਟ ਵਿੱਚ ਆ ਰਹੇ ਹਨ। ਇੱਕ ਨਵੀਂ ਰਿਪੋਰਟ ਦੇ ਅਨੁਸਾਰ ਕਨੇਡਾ ਵਿੱਚ ਵੀ ਮੱਛਰਾਂ ਨਾਲ ਫੈਲਣ ਵਾਲੇ ਵਾਇਰਸ ਪਾਏ ਗਏ ਹਨ।

**ਕਮਲੇਸ਼:** ਹਾਏ ਮੇਰੇ ਰੱਬਾ! ਗਲੋਬਲ ਵਾਰਮਿੰਗ ਦੇ ਐਨੇ ਸਾਰੇ ਪ੍ਰਕੋਪ !

**ਪ੍ਰੋ. ਅਸ਼ਫ਼ਾਕ:** ਇਹ ਤਾਂ ਸ਼ੁਰੂਆਤ ਹੈ। ਅੱਗੇ-ਅੱਗੇ ਵੇਖੋ, ਹੁੰਦਾ ਹੈ ਕੀ ? ਮੈਂ ਤੁਹਾਨੂੰ ਉਨ੍ਹਾਂ ਦੇ ਬਾਰੇ ਦੱਸਾਂਗਾ ਜਿਹੜੇ ਸਾਡੇ ਦੇਸ਼ ਮਤਲਬ ਭਾਰਤ ਨੂੰ ਪ੍ਰਭਾਵਿਤ ਕਰਨਗੇ।

**ਰਾਜਿੰਦਰ:** ਹਾਂ ਅੰਕਲ, ਕ੍ਰਿਪਾ ਕਰਕੇ ਦੱਸੋ।

**ਪ੍ਰੋ. ਅਸ਼ਫ਼ਾਕ:** ਇਹ ਹੈ ਗਰਮ ਲੂ ਅਤੇ ਗਰਮ ਹਵਾਵਾਂ ਦਾ ਚੱਲਣਾ। ਤਾਪਮਾਨ ਵਧ ਰਿਹਾ ਹੈ ਅਤੇ ਟ੍ਰੋਪੀਕਲ ਖੇਤਰਾਂ ਵਿੱਚ ਪੈਣ ਵਾਲੇ ਭਾਰਤ ਵਰਗੇ ਦੇਸ਼ਾਂ ਵਿੱਚ ਗਰਮ ਹਵਾਵਾਂ ਦਾ ਪ੍ਰਕੋਪ ਵਧ ਜਾਵੇਗਾ।

**ਅਲਕਾ:** ਹਾਂ ਸਰ! ਪਿਛਲੇ ਤਿੰਨ ਸਾਲਾਂ ਵਿੱਚ ਤਾਂ ਤਾਪਾਮਨ ਵਾਧੇ ਦੇ ਮਾਮਲੇ ਨੇ ਰਿਕਾਰਡ ਤੋੜ ਦਿੱਤਾ। ਰਾਜਸਥਾਨ ਦੇ ਫਲੋਦੀ ਸ਼ਹਿਰ ਵਿੱਚ ਤਾਂ $51^0$ C ਤੱਕ ਤਾਪਮਾਨ ਰਿਕਾਰਡ ਕੀਤਾ ਗਿਆ।

**ਪ੍ਰੋ. ਅਸ਼ਫ਼ਾਕ:** ਠੀਕ ਕਿਹਾ। MIT ਯਾਨੀ ਮੈਸ਼ਾਚਯੁਟ ਇੰਸਟੀਟਿਊਟ ਆਫ਼ ਟੈਕਨਾਲੋਜੀ ਦੇ ਕੰਪਿਊਟਰ ਆਧਾਰਿਤ ਇਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਸੰਨ 2100 ਤੱਕ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਮੁਲਕ ਮਨੁੱਖ ਦੇ ਰਹਿਣ ਲਾਇਕ ਨਹੀਂ ਰਹਣਗੇ।

**ਕਮਲੇਸ਼:** ਹਾਏ ਰੱਬਾ! ਕੀ ਹੋਵੇਗਾ ! ਇਸ ਦੇ ਲਈ ਤਾਂ ਕੁਝ ਕਰਨਾ ਹੀ ਪਏਗਾ !

**ਪ੍ਰੋ. ਅਸ਼ਫ਼ਾਕ:** ਬਿਲਕੁਲ ਠੀਕ ! ਸਮੁੰਦਰ ਦੇ ਜਲ-ਪੱਧਰ ਦਾ ਵੀ ਡਰ ਹੈ, ਜਿਹੜਾ ਹੌਲੀ-ਹੌਲੀ ਵਧ ਰਿਹਾ ਹੈ। ਜਿਵੇਂ-ਜਿਵੇਂ ਤਾਪਮਾਨ ਵਧੇਗਾ, ਧਰੁਵਾਂ ‘ਤੇ ਜੰਮੀ ਬਰਫ਼ ਪਿਘਲੇਗੀ। ਗਲੇਸ਼ੀਅਰ ਪਿਘਲਣਗੇ। ਇਸ ਨਾਲ ਪਿਘਲੀ ਹੋਈ ਬਰਫ਼ ਦਾ ਪਾਣੀ, ਨਦੀਆਂ ਤੋਂ ਮਹਾਂਸਾਗਰਾਂ ਵਿੱਚ ਜਾਏਗਾ। ਜ਼ਿਆਦਾ ਪਾਣੀ ਆਉਣ ਦੇ ਕਾਰਨ, ਨਦੀਆਂ ਵਿੱਚ ਹੜ੍ਹ ਆਉਣ ਦਾ ਖ਼ਤਰਾ ਵਧ ਜਾਵੇਗਾ। ਜਿਸ ਨਾਲ ਫ਼ਸਲਾਂ ਦੇ ਨਾਲ-ਨਾਲ, ਜਾਣ-ਮਾਲ ਨੂੰ ਵੀ ਵੱਡਾ ਨੁਕਸਾਨ ਹੋਵੇਗਾ। ਲੋਕਾਂ ਦੇ ਵਿਸਥਾਪਨ ਅਤੇ ਪੁਨਰਵਾਸ ਦੀਆਂ ਸਮੱਸਿਆਵਾਂ ਆਉਣਗੀਆਂ।

**ਅਲਕਾ:** ਹਾਂ ਪ੍ਰੋਫ਼ੈਸਰ! ਅਮਰੀਕਾ ਦੀ ਕਾਲੋਰਾਡੋ ਨਦੀ ਵਿੱਚ ਤਾਂ, ਪਾਣੀ ਦਾ ਵਹਾਅ 6 ਗੁਣਾ ਵਧ ਗਿਆ ਸੀ। ਇਹ ਸਾਰਾ ਹੋਇਆ ਸੀ ਬਰਫ਼ ਦੇ ਪਿਘਲਣ ਨਾਲ ਹੀ !

**ਪ੍ਰੋ. ਅਸ਼ਫ਼ਾਕ:** ਅਧਿਐਨਾਂ ਅਨੁਸਾਰ 2100 ਤੱਕ ਮਹਾਂਸਾਗਰਾਂ ਦਾ ਪਾਣੀ 15 ਤੋਂ 20 ਫੁੱਟ ਤੱਕ ਚੜ੍ਹ ਜਾਏਗਾ ਜਿਸ ਨਾਲ ਕਈ ਛੋਟੇ ਟਾਪੂ ਜਲਮਗਨ ਹੋ ਜਾਣਗੇ। ਬਹੁਤ ਸਾਰੇ ਤੱਟਵਰਤੀ ਸ਼ਹਿਰਾਂ ਦੇ ਡੁੱਬ ਜਾਣ ਦਾ ਖ਼ਤਰਾ ਹੈ।

**ਅਲਕਾ:** ਇਸ ਦਾ ਉਲਟਾ ਅਸਰ ਵੀ ਵੇਖਣ ਨੂੰ ਮਿਲੇਗਾ। ਵਧਦੇ ਤਾਪਮਾਨ ਦੇ ਕਾਰਨ ਗੰਗਾ ਨਦੀ ਦਾ ਗਲੇਸ਼ੀਅਰ - ਗੰਗੋਤਰੀ ਸੁੰਘੜਦਾ ਜਾ ਰਿਹਾ ਹੈ। ਕੁਝ ਹੋਰ ਗਲੇਸ਼ੀਅਰ ਤਾਂ ਇਕ ਸਾਲ ਵਿੱਚ 120 ਫੁੱਟ ਤੱਕ ਸੁੰਘੜ ਰਹੇ ਹਨ। ਨਤੀਜਾ ਹੋਵੇਗਾ ਭਵਿੱਖ ਵਿੱਚ ਘੱਟ ਬਰਫ਼ ਦਾ ਪਿਘਲਣਾ, ਜਿਸ ਨਾਲ ਨਦੀਆਂ ਵਿੱਚ ਪਾਣੀ ਦੀ ਆਮਦ ਘੱਟ ਹੋ ਜਾਵੇਗੀ। ਇਸ ਨਾਲ ਪੀਣ ਅਤੇ ਸਿੰਚਾਈ ਦੇ ਲਈ ਪਾਣੀ ਦੀ ਉਪਲੱਬਧਾ ਦੀ ਘਾਟ ਹੋ ਜਾਵੇਗੀ । ਨਦੀਆਂ ਦੇ ਕਿਨਾਰੇ ਵਸੀ ਆਬਾਦੀ ਦੇ ਲਈ ਇਹ ਬਹੁਤ ਵੱਡਾ ਖ਼ਤਰਾ ਹੈ।

**ਪ੍ਰੋ. ਅਸ਼ਫ਼ਾਕ:** ਕਾਰਨ ਇਕ ਹੀ ! ਪਰੰਤੂ ਨਤੀਜੇ ਭਿੰਨ-ਭਿੰਨ। ਇਸ ਤੋਂ ਇਲਾਵਾ ਹੋਰ ਵੀ ਕਈ ਵੱਡੇ ਖ਼ਤਰੇ ਹਨ।ਜੀਵ-ਜੰਤੂ ਅਤੇ ਪੇੜ-ਪੌਦੇ, ਵਧਦੇ ਤਾਪਮਾਨ ਨੂੰ ਸਹਿ ਨਹੀਂ ਸਕਣਗੇ ਜਿਸ ਨਾਲ ਜੈਵ-ਵਿਭਿੰਨਤਾ ਹੌਲੀ-ਹੌਲੀ ਘੱਟ ਹੋਣ ਲੱਗੇਗੀ।ਪ੍ਰਭਾਵਿਤ ਖੇਤਰਾਂ ਦੇ ਦੇਸ਼ਾਂ ਨੂੰ ਆਰਥਿਕ ਤੌਰ ‘ਤੇ ਬਹੁਤ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪਏਗਾ। ਉੱਥੇ ਰਹਿਣ ਵਾਲਿਆਂ ਨੂੰ ਵੀ ਆਰਥਿਕ ਤੇ ਪਰਿਆਵਰਣੀ ਸਮੱਸਿਆਵਾਂ ਦੇ ਨਾਲ ਨਾਲ ਹੀ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪਏਗਾ।

**ਬਲਜੀਤ:** ਪ੍ਰੋਫ਼ੈਸਰ ਸਾਹਿਬ ! ਕੀ ਸਥਿਤੀ ਸਾਡੇ ਹੱਥੋਂ ਨਿਕਲ ਚੁੱਕੀ ਹੈ?

**ਪ੍ਰੋ. ਅਸ਼ਫ਼ਾਕ:** ਅਜੇ ਨਹੀਂ ਪਰ ਸਾਨੂੰ ਜਲਦੀ ਕੁਝ ਕਰਨਾ ਪਏਗਾ।ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਸਭ ਤੋਂ ਪਹਿਲਾਂ, ਲੋਕਾਂ ਨੂੰ ਸਿੱਖਿਅਤ ਕਰਨਾ ਪਏਗਾ। ਉਨ੍ਹਾਂ ਨੂੰ ਦੱਸਣਾ ਪਏਗਾ ਕਿ ਸਾਡੀਆਂ ਗਤੀਵਿਧੀਆਂ ਨਾਲ ਕੀ ਕੁਝ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਕੀ ਹੋ ਸਕਦਾ ਹੈ। ਜੇਕਰ ਅਸੀਂ ਅਜੇ ਵੀ ਨਾ ਸੰਭਲੇ ਤਾਂ ਬਦਲਦੀਆਂ ਫ਼ਿਜ਼ਾਵਾਂ ਦਾ ਰੁਖ ਮੋੜਣ ਵਾਸਤੇ ਬਹੁਤ ਦੇਰ ਹੋ ਚੁੱਕੀ ਹੋਵੇਗੀ !

**ਬਲਜੀਤ:** ਲੋਕਾਂ ਨੂੰ ਸਰਕਾਰਾਂ ਨੂੰ ਪ੍ਰਸ਼ਾਸ਼ਕਾਂ ਨੂੰ ਜਨ ਸਮੂਹਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਦੱਸਣਾ ਹੋਵੇਗਾ ਕਿ ਉਨ੍ਹਾਂ ਸਾਰੀਆਂ ਗਤੀਵਿਧੀਆਂ ‘ਤੇ ਸਾਨੂੰ ਰੋਕ ਲਗਾਉਣੀ ਹੋਵੇਗੀ ਜਿਨ੍ਹਾਂ ਨਾਲ ਸਾਡਾ ਵਾਤਾਵਰਨ ਵਿਗੜ ਰਿਹਾ ਹੈ। ਸਾਨੂੰ ਸਹੀ ਦਿਸ਼ਾ ਵਿੱਚ ਅੱਗੇ ਵਧਣਾ ਪਏਗਾ ਅਤੇ ਸਕਾਰਾਤਮਕ ਕਦਮ ਪੁੱਟਣੇ ਹੋਣਗੇ।

**ਕਮਲੇਸ਼:** ਮੰਮੀ! ਤੁਸੀਂ ਆਪਣੀਆਂ ਸਵੈ ਸੇਵੀ ਸੰਸਥਾਵਾਂ ਰਾਹੀਂ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਇਹ ਜਾਣਕਾਰੀਆਂ ਪਹੁੰਚਾ ਸਕਦੇ ਹੋ। ਕਿਉਂ ਨਾ ਇਸ ਦਿਸ਼ਾ ਵਿੱਚ ਕੰਮ ਸ਼ੁਰੂ ਕੀਤਾ ਜਾਵੇ ?

**ਅਲਕਾ:** ਸਰਕਾਰ ਨੇ ਵੀ ਇਸ ਪਾਸੇ ਕਈ ਕਦਮ ਚੁੱਕੇ ਹਨ। ਪਥਰਾਹਟੀ ਬਾਲਣ ਦੀ ਖਪਤ ਨੂੰ ਘੱਟ ਕੀਤਾ ਜਾ ਰਿਹਾ ਹੈ ਅਤੇ ਸੌਰ ਊਰਜਾ, ਪੌਣ ਊਰਜਾ ਵਰਗੀ ਗ਼ੈਰ-ਪਰੰਪਰਿਕ ਊਰਜਾ 'ਤੇ ਧਿਆਨ ਦਿੱਤਾ ਜਾ ਰਿਹਾ ਹੈ।ਸੰਨ 2030 ਤੱਕ 40% ਬਿਜਲਈ ਊਰਜਾ ਦਾ ਉਤਪਾਦਨ ਇਸੇ ਪ੍ਰਕਾਰ ਦੇ ਸਾਧਨਾਂ ਨਾਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

**ਬਲਜੀਤ:** ਆਪਣੀਆਂ ਸੰਸਥਾਵਾਂ ਦੇ ਨੈਟਵਰਕ ਦੇ ਰਾਹੀਂ, ਮੈਂ ਨਿਸ਼ਚਿਤ ਹੀ ਆਪਣੇ ਮੈਂਬਰਾਂ ਨੂੰ ਸਮਝਾਉਣ ਦਾ ਪੂਰਾ ਯਤਨ ਕਰਾਂਗੀ। ਜਿਸ ਨਾਲ ਊਰਜਾ ਖਪਤ ਵਿਚ ਕਮੀ ਆਵੇ ਅਤੇ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘੱਟ ਹੋਵੇ।

**ਪ੍ਰੋ. ਅਸ਼ਫ਼ਾਕ:** ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਹੋਵੇਗਾ। ਛੇਤੀ ਅਤੇ ਤੇਜ਼ ਗਤੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਬਦਲਾਅ ਬਹੁਤ ਤੇਜ਼ ਗਤੀ ਨਾਲ ਹੋ ਰਹੇ ਹਨ। ਜੇਕਰ ਅੱਜ ਤੋਂ ਹੋਰ ਵਾਧੂ ਆਉਣ ਵਾਲੀਆਂ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਬੰਦ ਕਰ ਦਿੱਤਾ ਜਾਵੇ ਤਾਂ ਵੀ ਸਕਰਾਤਮਕ ਪ੍ਰਭਾਵ ਦਿਸਣ ਵਿਚ 100 ਸਾਲ ਲੱਗ ਜਾਣਗੇ ! ਇਸ ਲਈ ਹੁਣੇ ਤੋਂ ਹੀ ਕਦਮ ਚੁੱਕਣੇ ਹੋਣਗੇ ਅਤੇ ਹਰ ਪ੍ਰਕਾਰ ਦੇ ਯਤਨ ਕਰਨੇ ਹੋਣਗੇ !

**ਕਮਲੇਸ਼**: ਵਾਹ ਅੰਕਲ! ਤੁਸੀਂ ਤਾਂ ਸਰਲ ਭਾਸ਼ਾ ਵਿਚ ਸਭ ਕੁਝ ਸਮਝਾ ਦਿੱਤਾ। ਬਹੁਤ-ਬਹੁਤ ਧੰਨਵਾਦ!

**ਪ੍ਰੋ. ਅਸ਼ਫ਼ਾਕ**: ਤੁਹਾਡਾ ਸਵਾਗਤ ਹੈ !

**# ਧੁਨੀ ਪ੍ਰਭਾਵ- ਕਾਨਫ਼ਰੰਸ ਸ਼ੁਰੂ ਹੋਣ ਦਾ ਬਜ਼ਰ #**

**ਅਲਕਾ:** ਚਲੋ ! ਮੇਰੇ ਭਾਸ਼ਣ ਦਾ ਸਮਾਂ ਹੋ ਗਿਆ ਹੈ । ਚੰਗਾ ਮੈਂ ਚੱਲਦੀ ਹਾਂ। ਸ਼ਾਮ ਨੂੰ ਫਿਰ ਮਿਲਦੇ ਹਾਂ।

**ਮਨੋਹਰ:** ਆਉ ਅਸੀਂ ਸਾਰੇ ਵੀ ਹਾਲ ਦੇ ਅੰਦਰ ਚੱਲਦੇ ਹਾਂ ਅਤੇ ਵੇਖਦੇ ਹਾਂ, ਕੀ-ਕੀ ਮੁੱਦੇ ਉਠਦੇ ਹਨ।

**# ਸਾਰੇ ਕਾਨਫ਼ਰੰਸ ਹਾਲ ਵਿੱਚ ਜਾਂਦੇ ਹੋਏ # ਸਮਾਪਤੀ ਸੰਗੀਤ**

**ਪ੍ਰਸ਼ਨ**

**ਪ੍ਰਸ਼ਨ-1 ਤਾਪਮਾਨ ਵਧਣ ਨਾਲ ਆਰਥਿਕ ਤੇ ਸਮਾਜਿਕ ਵਿਵਸਥਾ ਕਿਵੇਂ ਹਿੱਲੇਗੀ ?**

**ਉੱਤਰ: ਭੋਜਨ ਲੜੀ ਵਿੱਚ ਵਿਘਣ, ਭੁੱਖਮਰੀ , ਅਨਾਜ ਮਹਿੰਗਾ ਹੋਣਾ, ਆਬਾਦੀ ਦਾ ਵੱਡੇ ਪੱਧਰ 'ਤੇ ਵਿਸਥਾਪਨ ਆਰਥਚਾਰੇ ਨੂੰ ਤੇ ਸਮਾਜਿਕ ਵਿਵਸਥਾ ਨੂੰ ਅਸਤ ਵਿਅਸਤ ਕਰ ਦੇਵੇਗਾ !**

**ਪ੍ਰਸ਼ਨ-2 ਗਲੇਸ਼ੀਅਰ ਪਿਘਲਣ ਨਾਲ ਕੀ ਪ੍ਰਭਾਵ ਪਵੇਗਾ ?**

**ਉੱਤਰ: ਸਮੁੰਦਰੀ ਜਲ ਪੱਧਰ ਉਚਾ ਹੋ ਕੇ ਸਾਰੇ ਸਮੁੰਦਰੀ ਪਰਿਆਵਰਣੀ ਤੰਤਰ ਨੂੰ ਤੋੜ -ਮਰੋੜ ਦੇਵੇਗਾ ਅਤੇ ਬਾਅਦ ਵਿੱਚ ਦਰਿਆਵਾਂ ਦਾ ਘਟਿਆ ਪਾਣੀ ਵਹਾਅ ਜਲ ਸੰਕਟ ਪੈਦਾ ਕਰੇਗਾ !**